Tender Heart High School Sec- 33 B chd.

Class- 9 Ramandeep Kaur

Topic- Lang. Revision (P- 1)

ਵਿਦਿਆਰਥੀਓ ਇਸ ਹਫਤੇ ਅਸੀਂ ਵਿਆਕਰਣ ਭਾਗ ਦੀ ਦੁਹਰਾਈ ਕਰਾਂਗੇ।

I ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

2 ਇਹ ਦਿਸਦੇ ਵਸਦੇ ਜਗਤ ਵਿੱਚ ਸਾਰੇ ਜੀਵ, ਵੱਖੋ-ਵੱਖ, ਟੁਰਦੇ-ਫਿਰਦੇ, ਖਾਂਦੇ-ਪੀਂਦੇ, ਲੜਦੇ-ਝਗੜਦੇ, ਆਪਾ ਪਾਲਦੇ, 'ਦੂਏ ਆਪੇ' ਤੋਂ ਵਖੇਵੇਂ ਕਰਦੇ ਨਜ਼ਰ ਪੈਂਦੇ ਹਨ। ਹਰੇਕ ਜੀਵ ਨੂੰ ਸਗੋਂ ਹਰੇਕ ਮਨੁੱਖ ਨੂੰ ਆਪਣੀ ਸਲਾਮਤੀ ਲਈ, ਆਪਣੀ ਪਾਲਣਾ ਲਈ, ਆਪਣੇ ਜਾਇਆਂ ਦੀ ਪਾਲਣਾ ਤੇ ਸਲਾਮਤੀ ਲਈ ਹਰ ਵੇਲੇ ਕਸ਼ਮਕਸ਼ ਲੱਗ ਰਹੀ ਹੈ। ਇਸ ਕਸ਼ਮਕਸ਼ ਵਿੱਚ ਉਸ ਨੂੰ ਦੂਜਿਆਂ ਤੋਂ ਖੋਹਣ ਦਾ ਜਤਨ ਹੈ, ਇਸ ਜਤਨ ਵਿੱਚ ਅਕਸਰ ਵੈਰ ਜ਼ੋਰ ਦਾ ਤੇ ਕਈ ਵੈਰ ਝੂਠ ਫਰੇਬ ਦਾ ਵਰਤਾਉ ਵਰਤਿਆ ਜਾਂਦਾ ਹੈ। ਇਸ ਦਾ ਫਲ ਇਹ ਹੁੰਦਾ ਹੈ ਕਿ ਹਰ ਪ੍ਰਾਣੀ ਆਪਣੇ-ਆਪ ਨੂੰ ਇਕੱਲਾ ਤੇ ਬੇਆਸਰਾ ਸਮਝਦਾ ਹੈ। ਇਸ ਇਕੱਲ ਤੇ ਬੇਆਸਰੇਪਨ ਦਾ ਭਾਵ ਇਸ ਨੂੰ ਇੱਕ ਤਰ੍ਹਾਂ ਦੇ ਮਿੱਤਰ ਬਣਾਉਣ ਵੱਲ ਪ੍ਰੇਰਦਾ ਹੈ ਤੇ ਇਸ ਤੋਂ ਵੀ ਧੜੇ ਹੀ ਖੜ੍ਹੇ ਹੁੰਦੇ ਹਨ। ਵਿਦਿਆ ਪਾ ਕੇ, ਬਲ ਪਾ ਕੇ, ਜਸ ਪਾ ਕੇ ਵੀ ਇਨਸਾਨੀ ਦਿਲ ਇਨ੍ਹਾਂ ਹੀ ਖਾਮੀਆਂ ਵਿੱਚ ਟੁਰਦਾ ਰਹਿੰਦਾ ਹੈ। ਇਹ ਦਸ਼ਾ ਜਦੋਂ ਰੂਹਾਨੀ ਕਸਵੱਟੀ ਤੇ ਲਾਈ ਜਾਵੇ ਤਾਂ ਇਹ 'ਨਿਤਾਣਪੁਣੇ' ਦੀ ਦੱਸ ਦਿੰਦੀ ਹੈ। ਮਤਲਬ ਇਹ ਹੈ ਕਿ ਇਹ ਅੰਦਰਲੇ ਤੇ ਅੰਦਰਲੇ ਦੀਆਂ ਤਾਕਤਾਂ ਦੀ ਕਮਜ਼ੋਰੀ ਦੀ ਨਿਸ਼ਾਨੀ ਹੈ। ਇਹ ਕਮਜ਼ੋਰੀ ਇਖ਼ਲਾਕੀ ਦੀਵਾਲਾ ਹੈ ਤੇ ਰੂਹਾਨੀ ਘਾਟਾ ਹੈ। ਜਗਤ ਵਿੱਚ ਬਹੁਤਾ ਦੁੱਖ ਇਸ ਕਰਕੇ ਹੈ, ਪਿਆਰ ਦੀ ਅਣਹੋਂਦ ਇਸੇ ਤੋਂ ਹੋਈ ਹੈ। ਝਗੜੇ, ਫਸਾਦ, ਮਾਰੋ, ਵੱਢੋ, ਵੈਰ-ਵਿਰੋਧ ਇਸੇ ਤੋਂ ਹੀ ਉਪਜੇ ਹਨ। ਜਗਤ ਦੁੱਖੀ ਹੈ, ਪਰ ਬਹੁਤਾ ਦੁੱਖੀ ਇਸ ਹਾਲਤ ਕਰਕੇ ਹੈ।

1. ਹਰ ਮਨੁੱਖ ਕਸ਼ਮਕਸ਼ ਵਿੱਚ ਕਿਉਂ ਹੈ?
2. ਜਗਤ ਵਿੱਚ ਦੁੱਖ ਕਿਉਂ ਹੈ?
3. ਮਨੁੱਖ ਆਪਣੇ ਆਪ ਨੂੰ ਇਕੱਲਾ ਤੇ ਬੇਆਸਰਾ ਕਿਉਂ ਸਮਝਦਾ ਹੈ?
4. ਸ਼ਬਦਾਂ ਦੇ ਅਰਥ ਲਿਖੋ

ਜਗਤ, ਅਣਹੋਂਦ, ਝਗੜਾ, ਅਕਸਰ

5. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਕੀ ਹੈ?

Be Positive...